# ਰਾਮ-ਸੇਤੂ ਅਤੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਦਾ ਜ਼ਹਿਰੀਲਾ ਫਿਰਕੂ ਪ੍ਰਚਾਰ

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਉਨ੍ਹਾਂ ਦੀ ਸਟੇਟ ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਇਕ ਵਾਰ ਫਿਰ ਫਿਰਕੂ ਹਿੰਸਾ ਅਤੇ ਦਹਿਸ਼ਤਗਰਦੀ ਫੈਲਾਉਣ ਦੀਆਂ ਕੋਸ਼ਿਸ਼ ਕਰ ਰਹੀਆਂ ਹਨ। ਕੰਨਿਆਕੁਮਾਰੀ ਕੋਲ ਰਾਮ ਸੇਤੂ (ਪੁਲ) ਦੇ ਮਸਲੇ ਨੂੰ ਲੈ ਕੇ ਫਿਰਕੂ ਪ੍ਰਚਾਰ ਅਤੇ ਤਸ਼ੱਦਦ ਫੈਲਾਉਣ ਦੀ ਸਾਜ਼ਿਸ਼ ਲੋਕਾਂ ਖ਼ਿਲਾਫ਼ ਕੀਤੀ ਜਾ ਰਹੀ ਹੈ।

ਹੁਣੇ ਜਿਹੇ ਹੀ ਸਰਕਾਰ ਦੇ ਇਕ ਮਹਿਕਮੇ ਨੇ ਸੁਪ੍ਰੀਮ ਕੋਰਟ ਵਿਚ ਦਾਖ਼ਲ ਕੀਤੇ ਆਪਣੇ ਇਕ ਹਲਫ਼ਨਾਮੇ ਵਿਚ ਸੈਕੂਲਰਵਾਦ ਦੇ ਪਰਦੇ ਹੇਠ ਲੋਕਾਂ ਦੇ ਮਜ਼ਹਬੀ ਜਜ਼ਬਾਤਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ। ਦੂਜੇ ਪਾਸੇ, ਬੀ ਜੇ ਪੀ ਨੇ ਵੀ ਲੋਕਾਂ ਦੇ ਮਜ਼ਹਬੀ ਜਜ਼ਬਾਤਾਂ ਨੂੰ ਆਪਣੇ ਸਿਆਸੀ ਮੁਫ਼ਾਦ ਨੂੰ ਅੱਗੇ ਵਧਾਉਣ ਲਈ ਵਰਤਣ ਦੀ ਮੁਹਿੰਮ ਚਾਲੂ ਕਰ ਦਿੱਤੀ ਹੈ। ਇਸ ਮਸਲੇ ਨੂੰ ਲੈ ਕੇ ਪੂਰੇ ਹਿੰਦੁਸਤਾਨ ਵਿਚ ਸਰਕਾਰ ਦੇ ਸਾਧਨਾਂ, ਮੀਡੀਆ, ਅਖ਼ਬਾਰਾਂ ਅਤੇ ਹੋਰ ਸੰਚਾਰ ਦੇ ਸਾਧਨਾਂ ਨੂੰ ਵਰਤ ਕੇ ਫਿਰਕੂ ਜ਼ਹਿਰ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੇਂਦਰੀ ਸਰਕਾਰ ਦੇ ਮੰਤਰੀ, ਰਾਜ ਸਰਕਾਰਾਂ ਦੇ ਮੁੱਖ ਮੰਤਰੀ ਅਤੇ ਹੋਰ ਮੰਤਰੀ ਸੈਕੂਲਰਵਾਦ ਅਤੇ ਮਜ਼ਹਬ ਦੇ ਨਾਂ ਤੇ ਇਸ ਅੱਗ ਵਿਚ ਹੋਰ ਤੇਲ ਪਾ ਰਹੇ ਹਨ।

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਅੰਗ੍ਰੇਜ਼ ਬਸਤੀਵਾਦੀਆਂ ਅਤੇ ਸਾਮਰਾਜ ਦਾ ਇਹ ਇਕ ਬਹੁਤ ਹੀ ਪੁਰਾਣਾ ਹਥਿਆਰ ਤੇ ਤਰੀਕਾ ਰਿਹਾ ਹੈ ਕਿ ਇਹ "ਸੈਕੂਲਰ ਰਾਜਤੰਤ੍ਰ" ਨੂੰ ਪਹਿਲਾਂ ਲੋਕਾਂ ਦੇ ਜ਼ਮੀਰ ਦੇ ਹੱਕ ਤੇ ਸੱਟ ਮਾਰਨ ਲਈ ਵਰਤਦੇ ਹਨ ਅਤੇ ਫਿਰ ਫਿਰਕੂ ਤਸ਼ੱਦਦ ਨੂੰ ਇਕ ਬਹਾਨਾ ਬਣਾ ਕੇ  ਸਰਕਾਰੀ ਦਹਿਸ਼ਤਗਰਦੀ ਨਾਲ ਲੋਕਾਂ ਦੀ ਜੱਦੋ-ਜਹਿਦ ਅਤੇ ਏਕਤਾ ਤੇ ਸੱਟ ਮਾਰਦੇ ਹਨ। ਹਿੰਦੁਸਤਾਨ ਵਿਚ ਇਹ ਫ਼ਾਰਮੂਲਾ ਉਸ ਵੇਲੇ ਤੋਂ ਹੀ ਚਲ ਰਿਹਾ ਹੈ ਜਿਸ ਵੇਲੇ ਤੋਂ ਬਰਤਾਨਵੀ ਬਸਤੀਵਾਦ ਦੀ ਸਟੇਟ ਦਾ ਮੁੱਢ ਬੱਝਾ ਸੀ। ਮਿਸਾਲ ਦੇ ਤੌਰ ਤੇ 1857 ਦੀ ਪਹਿਲੀ ਜੰਗੇ ਆਜ਼ਾਦੀ ਨੂੰ ਮੁਸਲਮਾਨਾਂ ਦੀ ਸ਼ਰਾਰਤ ਕਰਾਰ ਦੇ ਕੇ ਦਿੱਲੀ ਦੇ ਸਾਰੇ ਹੀ ਮੁਸਲਮਾਨਾਂ ਨੂੰ ਦਿੱਲੀ ਤੋਂ ਕੱਢਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਸੀ ਅਤੇ ਹਿੰਦੂਆਂ ਨੂੰ ਅੰਗ੍ਰੇਜ਼ ਵਫ਼ਾਦਾਰ ਕਿਹਾ ਗਿਆ ਸੀ। ਪੰਜਾਬ ਅਤੇ ਬੰਗਾਲ ਦੀ ਵੰਡ ਵੀ ਸੈਕੂਲਰ ਪਾਰਟੀਆਂ ਅਤੇ ਅੰਗ੍ਰੇਜ਼ ਸਰਕਾਰ ਨੇ ਮਜ਼ਹਬ ਦੀ ਬੁਨਿਆਦ ਤੇ ਹੀ ਕੀਤੀ ਸੀ।

ਲੋਕਾਂ ਦੇ ਧਿਆਨ ਅਤੇ ਤਵੱਜੋ ਨੂੰ ਭਖਦੇ ਮਸਲਿਆਂ ਤੋਂ ਹੋਰ ਪਾਸੇ ਲਾਉਣ ਲਈ ਅਤੇ ਉਨ੍ਹਾਂ ਦੇ ਹੱਕਾਂ ਲਈ ਚਲ ਰਹੇ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਫਿਰਕੂ ਤਸ਼ੱਦਦ ਤੇ ਸਰਕਾਰੀ ਦਹਿਸ਼ਤਗਰਦੀ ਨੂੰ ਵਰਤਿਆ ਜਾਂਦਾ ਹੈ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਮਨਮੋਹਨ ਸਿੰਘ ਦੀ ਸਰਕਾਰ, ਬੀ ਜੇ ਪੀ ਅਤੇ ਹਾਕਮ ਜਮਾਤਾਂ ਦੀਆਂ ਹੋਰ ਪਾਰਟੀਆਂ ਇਸ ਵੇਲੇ ਆਪਣੀ ਪੁਰਾਣੀ ਖੇਡ ਇਕ ਵਾਰ ਫੇਰ ਸ਼ੁਰੂ ਕਰ ਰਹੀਆਂ ਹਨ। ਮਨਮੋਹਨ ਸਿੰਘ ਦੀ ਸਰਕਾਰ ਦੀ ਲੋਕਾਂ ਵਿਚ ਕੋਈ ਪ੍ਰਤੀਤ ਨਹੀਂ ਹੈ। ਕਾਂਗਰਸ, ਬੀ ਜੇ ਪੀ, ਸੀ ਪੀ ਆਈ(ਐਮ) ਅਤੇ ਹੋਰ ਪਾਰਟੀਆਂ ਦੀ ਲੋਕਾਂ ਵਿਚ ਕੋਈ ਪ੍ਰਤੀਤ ਨਹੀਂ ਹੈ। ਹਾਕਮ ਜਮਾਤਾਂ ਦੀ ਇਸ ਸਿਆਸੀ ਪ੍ਰਣਾਲੀ ਅਤੇ ਅਰਥਚਾਰੇ ਬਾਰੇ ਲੋਕਾਂ ਵਿਚ ਕੋਈ ਵਿਸ਼ਵਾਸ ਨਹੀਂ ਹੈ। ਹਜ਼ਾਰਾਂ ਹੀ ਕਿਸਾਨਾਂ ਨੇ ਖ਼ੁਦਕਸ਼ੀ ਕਰ ਲਈ ਹੈ। ਰੋਟੀ, ਕਪੜਾ ਅਤੇ ਮਕਾਨ ਦੇ ਮਸਲੇ ਲੋਕਾਂ ਨੂੰ ਖ਼ੁਆਰ ਕਰ ਰਹੇ ਹਨ। ਮਹਿੰਗਾਈ ਅਤੇ ਗੁਰਬਤ ਨਾਲ ਲੋਕਾਂ ਦਾ ਹਾਲ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ਵੱਡੇ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੇ ਮੁਨਾਫ਼ੇ ਵਧੀ ਜਾ ਰਹੇ ਹਨ। ਅਮਰੀਕਾ ਨਾਲ ਐਟਮੀ ਸਮਝੌਤੇ ਅਤੇ ਹੋਰ ਸਮਝੌਤਿਆਂ ਨੂੰ ਲੈ ਕੇ ਵੀ ਲੋਕਾਂ ਵਿਚ ਬਹੁਤ ਰੋਹ ਹੈ। ਲੋਕਾਂ ਨੇ ਇਨ੍ਹਾਂ ਹਾਲਾਤਾਂ ਖ਼ਿਲਾਫ਼ ਅਤੇ ਆਪਣੇ ਮਸਲੇ ਹੱਲ ਕਰਨ ਲਈ ਸੰਘਰਸ਼ ਤੇਜ਼ ਕਰ ਦਿੱਤੇ ਹਨ।

ਲੋਕਾਂ ਨੂੰ ਕੁਰਾਹੇ ਪਾਉਣ ਲਈ ਮਨਮੋਹਨ ਸਿੰਘ ਦੀ ਸਰਕਾਰ ਨੇ ਇਕ ਪਾਸੇ ਭਾਰਤ ਨਿਰਮਾਣ ਦੀ ਪ੍ਰਚਾਰ ਮੁਹਿੰਮ ਸ਼ੁਰੂ ਕਰ ਰੱਖੀ ਹੈ ਤੇ ਕਾਂਗਰਸ ਨੇ  ਇਸ ਉੱਤੇ ਪ੍ਰਚਾਰ ਮੁਹਿੰਮ ਤੇ ਸੌ ਕਰੋੜ ਰੁਪਿਆ ਲਾਉਣ ਦਾ ਫੈਸਲਾ ਕੀਤਾ। ਦੂਸਰੇ ਪਾਸੇ ਫਿਰਕੂ ਤਸ਼ੱਦਦ ਅਤੇ ਹਿੰਸਾ ਫੈਲਾਉਣ ਦਾ ਮੁਹਾਜ਼ ਵੀ ਖੋਲ ਦਿੱਤਾ ਹੈ। ਕਾਂਗਰਸ ਪਾਰਟੀ ਅਤੇ ਸਰਕਾਰ ਰੰਗ ਬਿਰੰਗੀ ਡਰਾਮੇ ਬਾਜ਼ੀ ਕਰ ਰਹੀ ਹੈ। ਸਰਕਾਰ ਨੇ ਸੁਪ੍ਰੀਮ ਕੋਰਟ ਵਾਲਾ ਆਪਣਾ ਹਲਫ਼ਨਾਮਾ ਵਾਪਸ ਲੈ ਲਿਆ ਹੈ ਅਤੇ ਇਸ ਮਸਲੇ ਨੂੰ ਭੜਕਾਉਣ ਲਈ ਹੋਰ ਸ਼ੁਰਲੀ ਛੱਡ ਦਿੱਤੀ ਹੈ।

ਲੋਕਾਂ ਨੂੰ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਹਥਕੰਡਿਆਂ ਤੋਂ ਬਹੁਤ ਚੌਕਸ ਰਹਿਣ ਦੀ ਲੋੜ ਹੈ ਉਨ੍ਹਾਂ ਦੇ ਸੰਘਰਸ਼ ਅਤੇ ਏਕਤਾ ਵਿਚ ਹੀ ਉਨ੍ਹਾਂ ਦੀ ਸੁਰੱਖਿਆ ਹੈ।